**File No.DIPR-PRSS0PRS1(356)/1254/2020-DPRO Amritsar**

**I/25672/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਅੰਮ੍ਰਿਤਸਰ ਤੇ ਤਰਨਤਾਰਨ ਦੇ ਪ੍ਰਵਾਸੀਆਂ ਲਈ ਤਿੰਨ ਬੱਸਾਂ ਅੰਮ੍ਰਿਤਸਰ ਤੋਂ ਰਵਾਨਾ

ਅਲੀਗੜ, ਮਥੁਰਾ ਤੇ ਸਹਾਰਨਪੁਰ ਲਈ ਭੇਜੀਆਂ ਗਈਆਂ ਬੱਸਾਂ

ਅੰਮ੍ਰਿਤਸਰ, 18 ਮਈ ( )-ਜਿੱਥੇ ਇਕ ਪਾਸੇ ਕਈ ਰਾਜਾਂ ਵਿਚੋਂ ਪ੍ਰਵਾਸੀ ਮਜਦੂਰਾਂ ਵੱਲੋਂ ਕੋਵਿਡ ਸੰਕਟ ਦੇ ਚੱਲਦੇ ਆਪਣੇ ਘਰਾਂ ਨੂੰ ਜਾਣ ਦੀ ਵੱਖ-ਵੱਖ ਵੀਡੀਓ ਸਾਹਮਣੇ ਆ ਰਹੀਆਂ ਹਨ , ਜਿੰਨਾ ਵਿਚ ਜ਼ਿਆਦਾਤਰ ਪ੍ਰਵਾਸੀ ਨੰਗੇ ਪੈਰ ਜਾਂ ਸਾਈਕਲਾਂ ਉਤੇ ਸੈਂਕੜੇ ਕਿਲੋਮੀਟਰ ਦਾ ਪੈਂਡਾ ਤੈਅ ਕਰਦੇ ਨਜ਼ਰ ਆ ਰਹੇ ਹਨ। ਕਈਆਂ ਦੀਆਂ ਜਾਨਾਂ ਇਸ ਮੌਕੇ ਭੁੱਖ-ਪਿਆਸ ਨੇ ਲੈ ਲਈਆਂ ਹਨ , ਉਥੇ ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਮਜਦੂਰਾਂ ਨੂੰ ਉਨਾਂ ਦੇ ਘਰਾਂ ਤੱਕ ਭੇਜਣ ਲਈ ਵਿਸ਼ੇਸ਼ ਬੱਸਾਂ ਅਤੇ ਰੇਲ ਗੱਡੀਆਂ ਦੀ ਸਹਾਇਤਾ ਲਈ ਜਾ ਰਹੀ ਹੈ , ਜਿਸ ਵਿਚ ਪ੍ਰਵਾਸੀ ਆਨ-ਲਾਇਨ ਰਜਿਸਟੇਰਸ਼ਨ ਕਰਵਾ ਕੇ ਬੜੇ ਸੁਰੱਖਿਅਤ ਯਾਤਰਾ ਕਰ ਰਹੇ ਹਨ। ਅੱਜ ਅੰਮ੍ਰਿਤਸਰ ਤੋਂ ਇਸੇ ਤਰਾਂ ਹੀ 3 ਬੱਸਾਂ ਉਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ ਲਈ ਰਵਾਨਾ ਕੀਤੀਆਂ ਗਈਆਂ, ਜਿੰਨਾ ਵਿਚ ਮੁਥਰਾ ਲਈ ਇਕ, ਅਲੀਗੜ ਲਈ 1 ਅਤੇ ਸਾਹਰਨਪੁਰ ਲਈ 1 ਬੱਸ ਨੂੰ ਤੋਰੀਆ ਹੈ। ਇੰਨਾਂ ਬੱਸਾਂ ਵਿਚ ਅੰਮ੍ਰਿਤਸਰ ਤੇ ਤਰਨਤਾਰਨ ਤੋਂ ਆਏ ਪ੍ਰਵਾਸੀਆਂ ਨੂੰ ਉਨਾਂ ਦੇ ਘਰਾਂ ਲਈ ਰਵਾਨਾ ਕੀਤਾ ਗਿਆ।

ਬੱਸ ਅੱਡੇ ਵਿਖੇ ਸਹਾਇਕ ਕਮਿਸ਼ਨਰ ਸ੍ਰੀਮਤੀ ਅਲਕਾ ਕਾਲੀਆ ਨੇ ਸਾਰੇ ਪ੍ਰਬੰਧ ਆਪਣੀ ਟੀਮ ਨਾਲ ਪੂਰੇ ਕੀਤੇ ਅਤੇ ਮਜ਼ਦੂਰਾਂ ਦਾ ਮੈਡੀਕਲ ਨਿਰੀਖਣ ਕਰਵਾ ਕੇ , ਨਿੱਜੀ ਸੰਪਰਕ ਦੀ ਦਿੱਤੀ ਹੋਈ ਹਦਾਇਤ ਨੂੰ ਅਮਲ ਵਿਚ ਲਿਆਉਂਦੇ ਹੀ ਸਾਰੇ ਪ੍ਰਵਾਸੀਆਂ ਨੂੰ ਘਰਾਂ ਲਈ ਰਵਾਨਾ ਕੀਤਾ ਗਿਆ। ਉਨਾਂ ਦੱਸਿਆ ਕਿ 3 ਬੱਸਾਂ ਵਿਚ 96 ਪ੍ਰਵਾਸੀਆਂ ਨੂੰ ਸੀਟਾਂ ਵੀ ਆਪਸੀ ਦੂਰੀ ਬਣਾਈ ਰੱਖਣ ਲਈ ਹੀ ਦਿੱਤੀਆਂ ਗਈਆਂ। ਸ੍ਰੀਮਤੀ ਕਾਲੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇੰਨਾਂ ਲਈ ਖਾਣੇ ਤੇ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ ਹੈ , ਤਾਂ ਕਿ ਸਫਰ ਦੌਰਾਨ ਕੋਈ ਪਰੇਸ਼ਾਨੀ ਨਾ ਆਵੇ। ਇਸ ਮੌਕੇ ਪ੍ਰਵਾਸੀ ਮਜ਼ਦੂਰਾਂ ਨੇ ਇਸ ਨੇਕ ਕਾਰਜ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਕਿਹਾ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਹੀ ਸਾਨੂੰ ਅਸਾਨੀ ਨਾਲ ਘਰ ਜਾਣਾ ਨਸੀਬ ਹੋਇਆ ਹੈ। ਇਸ ਮੌਕੇ ਪੰਜਾਬ ਰੋਡਵੇਜ਼ ਦੇ ਟਰੈਫਿਕ ਮੈਨੇਜ਼ਰ ਹਰਵਿੰਦਰ ਸਿੰਘ, ਤਹਿਸੀਲਦਾਰ ਮਨਜੀਤ ਸਿੰਘ , ਸ: ਸੁਖਵਿੰਦਰ ਸਿੰਘ ਸੁੱਖ , ਸ: ਜੋਬਨਜੀਤ ਸਿੰਘ , ਸ: ਤਰਨਜੀਤ ਸਿੰਘ ਹਾਜ਼ਰ ਸਨ।

ਕੈਪਸ਼ਨ

ਬੱਸ ਸਟੈਂਡ ਅੰਮ੍ਰਿਤਸਰ ਤੋਂ ਉਤਰ ਪ੍ਰਦੇਸ਼ ਲਈ ਪ੍ਰਵਾਸੀਆਂ ਦੀਆਂ ਬੱਸਾਂ ਜਾਰੀ ਕਰਵਾਉਣ ਮੌਕੇ ਸਹਾਇਕ ਕਮਿਸ਼ਨਰ ਸ੍ਰੀਮਤੀ ਅਲਕਾ ਕਾਲੀਆ ਤੇ ਹੋਰ ਅਧਿਕਾਰੀ।

= = = = = = = = = = = = = = =

**File No.DIPR-PRSS0PRS1(356)/1254/2020-DPRO Amritsar**
**I/25673/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਜਨਤਕ ਸਥਾਨਾਂ ਉਤੇ ਮਾਸਕ ਦੀ ਵਰਤੋਂ ਯਕੀਨੀ ਬਣਾਈ ਜਾਵੇ-ਡਿਪਟੀ ਕਮਿਸ਼ਨਰ

ਮਾਸਕ ਨਾ ਪਾਉਣ ਵਾਲਿਆਂ ਦੇ ਕੱਟੇ ਜਾਣਗੇ ਚਲਾਨ

ਅੰਮ੍ਰਿਤਸਰ, 18 ਮਈ ( )-ਸਿਹਤ ਵਿਭਾਗ ਵੱਲੋਂ ਪੰਜਾਬ ਵਾਸੀਆਂ ਨੂੰ ਕੋਵਿਡ 19 ਤੋਂ ਬਚਾਉਣ ਲਈ ਜਨਤਕ ਥਾਵਾਂ ਉਤੇ ਮਾਸਕ ਪਾਉਣਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ , ਤਾਂ ਕਿ ਵਾਇਰਸ ਦਾ ਫੈਲਾਅ ਨਾ ਹੋਵੇ। ਜੋ ਵਿਅਕਤੀ ਜਨਤਕ ਸਥਾਨ ਜਿੰਨਾ ਵਿਚ ਸੜਕਾਂ , ਗਲੀਆਂ, ਹਸਪਤਾਲ, ਦਫਤਰ, ਬਾਜ਼ਾਰ ਆਦਿ ਸ਼ਾਮਿਲ ਹਨ , ਮਾਸਕ ਨਹੀਂ ਪਾਵੇਗਾ, ਉਸਦਾ ਚਲਾਨ ਕੱਟਿਆ ਜਾਵੇਗਾ। ਉਕਤ ਸਬਦਾਂ ਦਾ ਪ੍ਰਗਟਾਵਾ ਕਰਦੇ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਮਾਸਕ ਨਾ ਪਾਉਣ ਉਤੇ 200 ਰੁਪਏ ਦਾ ਚਲਾਨ ਕੱਟਿਆ ਜਾ ਸਕਦਾ ਹੈ ਅਤੇ ਇਹ ਚਲਾਨ ਬੀ. ਡੀ. ਪੀ. ਓ , ਨਾਇਬ ਤਹਿਸੀਲਦਾਰ, ਏ. ਐਸ. ਆਈ ਜਾਂ ਇੰਨਾਂ ਤੋਂ ਵੱਡਾ ਕੋਈ ਵੀ ਅਧਿਕਾਰੀ ਅਤੇ ਕਾਰਪੋਰੇਸ਼ਨ ਵੱਲੋਂ ਨਿਯੁੱਕਤ ਕੀਤੇ ਅਧਿਕਾਰੀ ਕਰ ਸਕਦੇ ਹਨ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ ਜਨਤਕ ਥਾਵਾਂ ਉਤੇ ਥੁੱਕਣ ਉਤੇ 100 ਰੁਪਏ ਤੇ ਘਰ ਵਿਚ ਇਕਾਂਤਵਾਸ ਕੀਤਾ ਗਿਆ ਵਿਅਕਤੀ ਜੇਕਰ ਇਕਾਂਤਵਾਸ ਦੀ ਅਵੱਗਿਆ ਕਰਦਾ ਹੈ ਤਾਂ 500 ਰੁਪਏ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਇਸ ਖਤਰਨਾਕ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਕੋਈ ਵੀ ਨਾਗਰਿਕ ਘਰ ਤੋਂ ਬਾਹਰ ਨਿਕਲਣ ਲੱਗਿਆ ਮਾਸਕ ਦੀ ਵਰਤੋਂ ਜ਼ਰੂਰ ਕਰੇ ਅਤੇ ਇਨਾਂ ਹੁਕਮਾਂ ਨੂੰ ਲਾਗੂ ਕਰਨ ਵਿੱਚ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਗੱਡੀ ਜਾਂ ਮੋਟਰ ਸਾਈਕਲ ਉਤੇ ਸਫਰ ਕਰਦਾ ਵਿਅਕਤੀ , ਦਫਤਰਾਂ ਤੇ ਫੈਕਟਰੀਆਂ ਵਿਚ ਕੰਮ ਕਰਦੇ ਸਾਰੇ ਕਾਮੇ ਵੀ ਹਰ ਹਾਲਤ ਮਾਸਕ ਲਗਾਉਣ। ਉਨਾਂ ਕਿਹਾ ਕਿ ਮਾਸਕ ਸਧਾਰਨ ਕੱਪੜੇ ਦਾ ਘਰ ਦਾ ਬਣਿਆ ਵੀ ਹੋ ਸਕਦਾ ਹੈ, ਜੋ ਕਿ ਧੋਣ ਯੋਗ ਹੋਵੇ। ਇਸ ਤੋਂ ਇਲਾਵਾ ਮਾਸਕ ਨਾ ਹੋਣ ਦੀ ਸੂਰਤ ਵਿਚ ਰੁਮਾਲ, ਦੁਪੱਟਾ, ਸਟੋਲ ਆਦਿ ਦੀ ਵਰਤੋਂ ਵੀ ਮੂੰਹ ਢੱਕਣ ਲਈ ਕੀਤੀ ਜਾ ਸਕਦੀ ਹੈ।

ਉਨਾਂ ਪੁਲਿਸ ਨੂੰ ਨਿਰਦੇਸ਼ ਦਿੱਤੇ ਕਿ ਜਿਹੜੇ ਵਿਅਕਤੀ ਜਨਤਕ ਸਥਾਨਾਂ ਉਤੇ ਬਿਨਾਂ ਮਾਸਕ (ਚਾਹੇ ਘਰ ਬਣਾਇਆ ਹੋਵੇ ਜਾਂ ਹੋਰ ਹੋਵੇ) ਤੋਂ ਬਿਨਾਂ ਦੇਖਿਆ ਜਾਵੇ , ਉਸ ਦਾ ਮਹਾਮਾਰੀ ਕਾਨੂੰਨ ਦੀ ਧਾਰਾਵਾਂ ਅਨੁਸਾਰ ਚਲਾਨ ਕੱਟਿਆ ਜਾਵੇ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨਾਂ ਜਨਤਕ ਸਥਾਨਾਂ 'ਤੇ ਮਾਸਕ ਪਹਿਨਣ ਦੇ ਹੁਕਮਾਂ ਦੀ 100 ਫੀਸਦੀ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਹੈ।

= = = = = = = = =

**File No.DIPR-PRSS0PRS1(356)/1254/2020-DPRO Amritsar**
**I/25709/2020**

ਦਫ਼ਤਰ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਅੰਮ੍ਰਿਤਸਰ ਵਿਚ ਕਰਫਿਊ ਹਟਾਇਆ, ਲਾਕ-ਡਾਊਨ ਲਗਾਇਆ

ਸਿੱਖਿਆ ਸੰਸਥਾਵਾਂ, ਹੋਟਲ, ਜਿੰਮ, ਸਪਾ ਰਹਿਣਗੇ ਬੰਦ

ਸ਼ਾਮ 7 ਵਜੇ ਤੋਂ ਸਵੇਰ 7 ਵਜੇ ਤੱਕ ਕਰਫਿਊ ਰਹੇਗਾ ਲਾਗੂ

ਅੰਮ੍ਰਿਤਸਰ, 18 ਮਈ ( )-ਜਿਲਾ ਮੈਜਿਸਟਰੇਟ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਅਤੇ ਪੰਜਾਬ ਦੇ ਗ੍ਰਹਿ ਅਤੇ ਨਿਆਂ ਵਿਭਾਗ ਤੋਂ ਪ੍ਰਾਪਤ ਹੋਈਆਂ ਹਦਾਇਤਾਂ ਉਤੇ ਅਮਲ ਕਰਦੇ ਹੋਏ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਜਿਲੇ ਵਿਚ 23 ਮਾਰਚ ਤੋਂ ਲੱਗਾ ਹੋਇਆ ਰਾਤ-ਦਿਨ ਦਾ ਕਰਫਿਊ ਹਟਾਉਣ ਦਾ ਐਲਾਨ ਕਰਦੇ ਹੋਏ ਅਗਲੇ ਹੁਕਮਾਂ ਤੱਕ ਲਾਕ-ਡਾਊਨ ਦਾ ਐਲਾਨ ਕੀਤਾ ਹੈ। ਅੱਜ ਤੋਂ ਰਾਤ ਦਾ ਕਰਫਿਊ ਭਾਵ ਸ਼ਾਮ 7 ਵਜੇ ਤੋਂ ਸਵੇਰ 7 ਵਜੇ ਤੱਕ ਦਾ ਕਰਫਿਊ ਲਾਗੂ ਰਹੇਗਾ ਅਤੇ ਕੋਈ ਵੀ ਵਿਅਕਤੀ ਬਿਨਾਂ ਜ਼ਰੂਰੀ ਕੰਮ ਤੋਂ ਘਰੋਂ ਬਾਹਰ ਨਹੀਂ ਜਾ ਸਕੇਗਾ। ਹੁਣ ਦਿਨ ਦੇ ਸਮੇਂ ਲੋਕ ਆਪਣੇ ਕੰਮ-ਕਾਰ , ਦਫਤਰਾਂ ਨੂੰ ਬਿਨਾਂ ਕਿਸੇ ਕਰਫਿਊ ਪਾਸ ਦੇ ਆ-ਜਾ ਸਕਦੇ ਹਨ। 65 ਸਾਲ ਤੋਂ ਉਪਰ ਦੇ ਵਡੇਰੀ ਉਮਰ ਦੇ ਲੋਕ , ਗਰਭਵਤੀ ਮਹਿਲਾਵਾਂ, 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਬਿਨਾਂ ਕਿਸੇ ਅਤੀ ਜ਼ਰੂਰੀ ਕੰਮ ਦੇ ਘਰੋਂ ਬਾਹਰ ਆਉਣ ਦੇ ਰੋਕ ਰਹੇਗੀ। ਕਿਸੇ ਮੰਦਭਾਗੀ ਘਟਨਾ ਭਾਵ ਮੌਤ ਦੀ ਸੂਰਤ ਵਿਚ ਅੰਤਿਮ ਸੰਸਕਾਰ ਲਈ ਵੱਧ ਤੋਂ ਵੱਧ 20 ਅਤੇ ਵਿਆਹ ਸਮਾਗਮ ਲਈ ਲਾੜੇ-ਲਾੜੀ ਸਮੇਤ 50 ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਦੀ ਮਨਾਹੀ ਰਹੇਗੀ।

ਲਾਕ-ਡਾਊਨ ਦੌਰਾਨ ਸਮਾਨ ਢੋਹਣ ਵਾਲੇ ਵਹੀਕਲਾਂ , ਡਾਕਟਰੀ ਪੇਸ਼ੇ ਨਾਲ ਜੁੜੇ ਲੋਕਾਂ ਜਿੰਨਾਂ ਵਿਚ ਡਾਕਟਰ , ਸਟਾਫ ਨਰਸ, ਪੈਰਾ ਮੈਡੀਕਲ ਸਟਾਫ , ਐਬੂਲੈਂਸ, ਪੁਲਿਸ, ਡਿਊਟੀ ਮੈਜਿਸਟਰੇਟ ਅਤੇ ਉਨਾਂ ਦੇ ਸਟਾਫ , ਅੱਗ ਬੁਝਾਊ ਗੱਡੀਆਂ, ਬਿਜਲੀ, ਸਫਾਈ ਤੇ ਪਾਣੀ ਆਦਿ ਜ਼ਰੂਰੀ ਸਹੂਲਤਾਂ ਲਈ ਜਾਂਦੇ ਲੋਕਾਂ ਨੂੰ ਦਿਨ-ਰਾਤ ਦੀ ਕੋਈ ਮਨਾਹੀ ਨਹੀਂ ਹੋਵੇਗੀ। ਚਾਰ ਪਹੀਆ ਵਾਹਨ , ਮੋਟਰ ਸਾਈਕਲ , ਸਕੂਟਰ, ਸਾਈਕਲ, ਟੈਕਸੀ, ਰਿਕਸ਼ਾ, ਕੈਬ, ਆਟੋ ਰਿਕਸ਼ਾ ਕੇਵਲ ਸਵੇਰ 7 ਤੋਂ ਸ਼ਾਮ 7 ਵਜੇ ਤੱਕ ਹੀ ਚੱਲ ਸਕਣਗੇ। ਚਾਰ ਪਹੀਆ ਵਾਹਨ ਤੇ ਥ੍ਰੀਵੀਲਰ ਵਿਚ ਡਰਾਈਵਰ ਤੋਂ ਇਲਾਵਾ 2 ਵਿਅਕਤੀ ਹੋਰ ਅਤੇ ਮੋਟਰ ਸਾਈਕਲ ਤੇ ਸਕੂਟਰ ਆਦਿ ਉਤੇ ਕੇਵਲ ਚਲਾਉਣ ਵਾਲਾ ਹੀ ਸਫਰ ਕਰ ਸਕੇਗਾ। ਕਾਰ ਪੂਲਿੰਗ, ਟੈਕਸੀ ਜਾਂ ਕੈਬ ਨੂੰ ਸਾਂਝੇ ਤੌਰ ਉਤੇ ਵਰਤਣ ਦੀ ਸਖਤ ਮਨਾਹੀ ਹੈ। ਇਸ ਤੋਂ ਇਲਾਵਾ ਰਾਜ ਆਵਾਜਾਈ ਵਿਭਾਗ ਵੱਲੋਂ ਸਮੇਂ-ਸਮੇਂ ਜਾਰੀ ਸਲਾਹ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ।

ਸ਼ਹਿਰੀ ਦੇ ਦਿਹਾਤੀ ਖੇਤਰ ਵਿਚ ਸਾਰੀਆਂ ਦੁਕਾਨਾਂ ਸਮੇਤ ਵੱਡੇ ਬਾਜ਼ਾਰਾਂ ਦੇ ਖੋਲਣ ਦੀ ਆਗਿਆ ਸਵੇਰ 7 ਵਜੇ ਤੋਂ ਸ਼ਾਮ 6 ਵਜੇ ਤੱਕ ਦਿੱਤੀ ਗਈ ਹੈ , ਪਰ ਸ਼ਾਪਿੰਗ ਮਾਲ ਨਹੀਂ ਖੁੱਲ ਸਕਣਗੇ , ਬਸ਼ਰਤੇ ਕਿ ਉਥੇ ਭੀੜ ਇਕੱਠੀ ਨਾ ਹੋਵੇ ਤੇ ਨਾ ਹੀ ਆਪਸੀ ਦੂਰੀ ਸਬੰਧੀ ਦਿੱਤੀ ਹਦਾਇਤ ਦੀ ਅਵੱਗਿਆ ਹੋਵੇ। ਸਬੰਧਤ ਐਸ ਡੀ ਐਮ ਅਤੇ ਡੀ ਸੀ ਪੀ ਆਪਣੇ ਇਲਾਕੇ ਦੇ ਹਲਾਤਾਂ ਅਨੁਸਾਰ ਇਸ ਵਿਚ ਬਦਲਾਅ ਵੀ ਕਰ ਸਕਣਗੇ। ਰੈਸਟੋਰੈਂਟ ਅਤੇ ਹੋਰ ਖਾਣ-ਪੀਣ ਵਾਲੀਆਂ ਦੁਕਾਨਾਂ ਕੇਵਲ ਹੋਮ ਡਿਲਵਰੀ ਲਈ ਖੁੱਲ ਸਕਣਗੀਆਂ , ਕਿਸੇ ਨੂੰ ਵੀ ਉਥੇ ਖਾਣਾ ਪਰੋਸਣ ਦੀ ਆਗਿਆ ਨਹੀਂ ਹੈ। ਸੈਲੂਨ

ਤੇ ਨਾਈ ਦੀਆਂ ਦੁਕਾਨਾਂ ਕੇਵਲ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਖੁੱਲ ਸਕਦੀਆਂ ਹਨ। ਬਿਜਲੀ, ਪਲੰਬਰ, ਵਰਕਸ਼ਾਪ, ਸਰਵਿਸ ਸਟੇਸ਼ਨ, ਆਈ ਟੀ ਸਬੰਧੀ ਸੇਵਾਵਾਂ ਦੇਣ ਵਾਲੀਆਂ ਦੁਕਾਨਾਂ ਵੀ ਖੋਲਣ ਦੀ ਆਗਿਆ ਦੇ ਦਿੱਤੀ ਗਈ ਹੈ। ਹਰੇਕ ਤਰਾਂ ਦੀ ਡਿਲਵਰੀ ਲਈ ਈ-ਕਮਰਸ ਸੇਵਾ ਕੀਤੀ ਜਾ ਸਕੇਗੀ।

ਇਸ ਤੋਂ ਇਲਾਵਾ ਪਿੰਡਾਂ ਤੇ ਸ਼ਹਿਰਾਂ ਵਿਚ ਹਰੇਕ ਤਰਾਂ ਦੇ ਉਦਯੋਗ , ਉਸਾਰੀ ਦਾ ਕੰਮ, ਖੇਤੀਬਾੜੀ ਤੇ ਸਹਾਇਕ ਧੰਦੇ, ਖੇਡ ਸਟੇਡੀਅਮ ਆਦਿ ਨੂੰ ਵੀ ਖੋਲਣ ਦੀ ਆਗਿਆ ਦੇ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸਾਰੇ ਸਰਕਾਰੀ ਤੇ ਨਿੱਜੀ ਦਫਤਰ 50 ਫੀਸਦੀ ਸਟਾਫ ਨਾਲ (ਐਮਰਜੈਂਸੀ , ਜਰੂਰੀ ਤੇ ਕੋਵਿਡ 19 ਨਾਲ ਸਬੰਧਤ ਡਿਊਟੀ ਨੂੰ ਛੱਡਕੇ) ਖੋਲੇ ਜਾ ਸਕਦੇ ਹਨ, ਪਰ ਉਥੇ ਭੀੜ ਇਕੱਠੀ ਕਰਨ ਦੀ ਮਨਾਹੀ ਰਹੇਗੀ। ਬੈਂਕ ਵੀ ਸਵੇਰੇ 9 ਵਜੇ ਤੋਂ ਦੁਪਿਹਰ ਇਕ ਵਜੇ ਤੱਕ ਲੋਕਾਂ ਲਈ ਖੁੱਲੇ ਰਹਿਣਗੇ। ਭੀੜ ਵਾਲੇ ਦਫਤਰਾਂ ਵਿਚ ਭੀੜ ਕੰਟਰੋਲ ਲਈ ਨਿਸ਼ਾਨੀ ਲਗਾਉਣ ਤੇ ਹੋਰ ਸਾਵਧਾਨੀ ਅਪਨਾਉਣਾ ਜਰੂਰੀ ਹੋਵੇਗਾ। ਹਰੇਕ ਸਥਾਨ ਉਤੇ 6 ਫੁੱਟ ਦੀ ਦੂਰੀ ਤੇ ਮਾਸਕ ਪਾਉਣਾ ਅਤਿ ਜਰੂਰੀ ਹੋਵੇਗਾ। ਵਾਇਰਸ ਦੇ ਕਾਰਨ ਐਲਾਨੇ ਕੰਟੋਨਮੈਂਟ ਖੇਤਰਾਂ ਵਿਚ ਇਹ ਹੁਕਮ ਲਾਗੂ ਨਹੀਂ ਹੋਣਗੇ ਅਤੇ ਉਥੇ ਕੋਈ ਛੋਟ ਨਹੀਂ ਦਿੱਤੀ ਗਈ।

ਸਕੂਲ, ਕਾਲਜ, ਸਿੱਖਿਆ ਸੰਸਥਾਵਾਂ, ਟਿਊਸ਼ਨ ਸੈਂਟਰ, ਕੋਚਿੰਗ ਕੇਂਦਰ ਨਹੀਂ ਖੋਲੇ ਜਾ ਸਕਣਗੇ ਅਤੇ ਇਹ ਕੇਵਲ 33 ਫੀਸਦੀ ਸਟਾਫ ਨਾਲ ਆਪਣੇ ਦਫਤਰੀ ਕੰਮ ਹੀ ਕਰਨਗੇ। ਹੋਟਲ , ਰੈਸਟੋਰੈਂਟ ਅਤੇ ਹੋਰ ਅਜਿਹੀਆਂ ਸੇਵਾਵਾਂ ਦੇਣ ਵਾਲੇ ਅਦਾਰੇ ਨਹੀਂ ਖੋਲੇ ਜਾ ਸਕਣਗੇ। ਕੇਵਲ ਸਰਕਾਰ ਵੱਲੋਂ ਇਕਾਂਤਵਾਸ ਤੇ ਹੋਰ ਜ਼ਰੂਰੀ ਸੇਵਾਵਾਂ ਲਈ ਲਈਆਂ ਅਜਿਹੀਆਂ ਥਾਵਾਂ ਤੇ ਉਹ ਰੈਸਟੋਰੈਂਟ, ਜਿੰਨਾ ਨੂੰ ਹੋਮ ਡਿਲਵਰੀ ਲਈ ਆਗਿਆ ਪਹਿਲਾਂ ਤੋਂ ਦਿੱਤੀ ਗਈ ਹੈ , ਉਹ ਹੀ ਖੁੱਲੇ ਰਹਿਣਗੇ। ਸਿਨੇਮਾ ਘਰ, ਜਿੰਮ, ਸ਼ਾਪਿੰਗ ਮਾਲ, ਸਵਿਮਿੰਗ ਪੂਲ, ਜਿੰਮਨੇਜ਼ੀਅਮ ਹਾਲ, ਸਪਾ, ਇੰਟਰਟੇਨਮੈਂਟ ਪਾਰਕ, ਥੀਏਟਰ, ਬਾਰ, ਆਡੀਟੋਰੀਅਮ, ਅਸੈਂਬਲੀ ਹਾਲ ਤੇ ਹੋਰ ਅਜਿਹੇ ਅਦਾਰੇ ਨਹੀਂ ਖੋਲੇ ਜਾ ਸਕਣਗੇ। ਕਿਸੇ ਵੀ ਤਰਾਂ ਦੀ ਧਾਰਮਿਕ , ਸਮਾਜਿਕ, ਰਾਜਸੀ, ਖੇਡ, ਸਭਿਆਚਾਰਕ ਗਤੀਵਿਧੀ ਜਿਸ ਵਿਚ ਭੀੜ ਇਕੱਠੀ ਹੋਣੀ ਹੋਵੇ ਉਤੇ ਸਖਤੀ ਨਾਲ ਪਾਬੰਦੀ ਰਹੇਗੀ।

===========

**File No.DIPR-PRSS0PRS1(356)/1254/2020-DPRO Amritsar**

**I/25723/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਵੱਖ-ਵੱਖ ਥਾਵਾਂ ਲਈ ਅੰਮ੍ਰਿਤਸਰ ਤੋਂ ਪ੍ਰਵਾਸੀਆਂ ਨੂੰ ਲੈ ਕੇ ਜਾ ਚੁੱਕੀਆਂ ਹਨ 16 ਗੱਡੀਆਂ

-ਪ੍ਰਵਾਸੀਆਂ ਨੂੰ ਵਿਸ਼ੇਸ਼ ਗੱਡੀਆਂ ਰਾਹੀਂ ਭੇਜਣ ਵਿੱਚ ਪੰਜਾਬ ਬਣਿਆ ਮੋਹਰੀ ਸੂਬਾ

ਅੰਮ੍ਰਿਤਸਰ ਤੋਂ ਰਾਏ ਬਰੇਲੀ ਅਤੇ ਗਵਾਲੀਅਰ ਲਈ ਦੋ ਰੇਲ ਗੱਡੀਆਂ ਰਵਾਨਾ

ਅੰਮ੍ਰਿਤਸਰ, 18 ਮਈ ( )-ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਦੱਸਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਤੋਂ 16 ਰੇਲ ਗੱਡੀਆਂ ਵੱਖ-ਵੱਖ ਥਾਵਾਂ ਲਈ ਪ੍ਰਵਾਸੀਆਂ ਨੂੰ ਲੈ ਕੇ ਜਾ ਚੁੱਕੀਆਂ ਹਨ, ਜਦਕਿ ਪੰਜਾਬ ਭਰ ਵਿਚੋਂ 178 ਵਿਸ਼ੇਸ਼ ਰੇਲ ਗੱਡੀਆਂ ਰਾਹੀਂ 2 ਲੱਖ ਤੋਂ ਵੱਧ ਪ੍ਰਵਾਸੀ ਮਜ਼ਦੂਰਾਂ ਨੂੰ ਉਨਾਂ ਦੇ ਪਿੱਤਰੀ ਰਾਜਾਂ ਵਿੱਚ ਵਾਪਸ ਜਾਣ ਦੀ ਸਹੂਲਤ ਮੁਹੱਈਆ ਕਰਵਾਈ ਜਾ ਚੁੱਕੀ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਮੁੱਚਾ ਪ੍ਰਸ਼ਾਸ਼ਨ ਪ੍ਰਵਾਸੀ ਮਜ਼ਦੂਰਾਂ ਨੂੰ ਹਰ ਤਰਾਂ ਦੀ ਰਾਹਤ ਤੇ ਸਹਾਇਤਾ ਪ੍ਰਦਾਨ ਕਰਨ ਲਈ 24 ਘੰਟੇ ਕੰਮ ਕਰ ਰਿਹਾ ਹੈ। ਉਨਾਂ ਦੱਸਿਆ ਕਿ ਅੱਜ ਅੰਮ੍ਰਿਤਸਰ ਤੋਂ ਰਾਏ ਬਰੇਲੀ ਤੇ ਗਵਾਲੀਅਰ ਲਈ ਦੋ ਰੇਲ ਗੱਡੀਆਂ ਨੂੰ ਰਵਾਨਾ ਕੀਤਾ ਗਿਆ ਹੈ, ਜਿੰਨਾ ਵਿਚ 1200-1200 ਯਾਤਰੀ ਸਵਾਰ ਸਨ।

ਉਨਾਂ ਦੱਸਿਆ ਕਿ ਕਿਰਤੀਆਂ ਦੀ ਕਦਰ ਕਰਦੇ ਹੋਏ ਸਰਕਾਰ ਨੇ ਇਸ ਕਾਰਜ 'ਤੇ ਸਰਕਾਰੀ ਖਜ਼ਾਨੇ 'ਚੋਂ ਹੀ ਖ਼ਰਚ ਕੀਤਾ ਹੈ ਅਤੇ ਕਿਸੇ ਪ੍ਰਵਾਸੀ ਕੋਲੋਂ ਟਿਕਟ ਜਾਂ ਖਾਣੇ ਦਾ ਪੈਸਾ ਨਹੀਂ ਲਿਆ ਜਾਂਦਾ। ਪ੍ਰਵਾਸੀਆਂ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਘੱਟ ਕਰਨ ਲਈ ਸੂਬੇ ਵੱਲੋਂ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੀ ਕੀਤੀ ਪਹਿਲ ਕਦਮੀ ਬਾਰੇ ਦੱਸਦੇ ਸ. ਢਿੱਲੋਂ ਨੇ ਦੱਸਿਆ ਕਿ ਘਰ ਵਾਪਸ ਜਾਣ ਵਾਲੇ ਸਾਰੇ ਲੋਕਾਂ ਨੂੰ ਉਨਾਂ ਦੇ ਸਫ਼ਰ ਲਈ ਭੋਜਨ , ਪਾਣੀ ਅਤੇ ਹੋਰ ਲੋੜੀਂਦੀਆਂ ਚੀਜ਼ਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨਾਂ ਦੱਸਿਆ ਕਿ ਪੰਜਾਬ ਵੱਲੋਂ ਰੋਜ਼ਾਨਾ 20 ਤੋਂ ਜ਼ਿਆਦਾ ਰੇਲ ਗੱਡੀਆਂ ਵੱਖ-ਵੱਖ ਰਾਜਾਂ ਨੂੰ ਭੇਜੀਆਂ ਜਾ ਰਹੀਆਂ ਹਨ, ਜਦਕਿ ਅੰਮ੍ਰਿਤਸਰ ਤੋਂ ਔਸਤਨ 2 ਰੇਲ ਗੱਡੀਆਂ ਵੱਖ-ਵੱਖ ਸਟੇਸ਼ਨਾਂ ਲਈ ਭੇਜੀਆਂ ਜਾ ਰਹੀਆਂ ਹਨ।

ਦੱਸਣਯੋਗ ਹੈ ਕਿ ਪ੍ਰਵਾਸੀਆ ਨੂੰ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਪਹੁੰਚਾਉਣ ਲਈ ਸਭ ਤੋਂ ਵੱਧ ਰੇਲਗੱਡੀਆਂ ( 60) ਲੁਧਿਆਣਾ ਤੋਂ ਅਤੇ 45 ਰੇਲ ਗੱਡੀਆਂ ਜਲੰਧਰ ਤੋਂ ਚੱਲੀਆਂ ਹਨ। ਹੋਰ ਥਾਵਾਂ ਜਿੱਥੋਂ ਰੇਲ ਗੱਡੀਆਂ ਪ੍ਰਵਾਸੀਆਂ ਨੂੰ ਲੈ ਕੇ ਰਵਾਨਾ ਹੋਈਆਂ ਹਨ ਉਨਾਂ ਵਿਚ ਅੰਮ੍ਰਿਤਸਰ , ਪਟਿਆਲਾ, ਮੁਹਾਲੀ, ਬਠਿੰਡਾ, ਫਿਰੋਜ਼ਪੁਰ ਅਤੇ ਸਰਹਿੰਦ ਸ਼ਾਮਲ ਹਨ। ਸਭ ਤੋਂ ਵੱਧ ਰੇਲ ਗੱਡੀਆਂ ਯੂ.ਪੀ. ਅਤੇ ਉਸ ਤੋਂ ਬਾਅਦ ਬਿਹਾਰ ਅਤੇ ਝਾਰਖੰਡ ਨੂੰ ਜਾ ਰਹੀਆਂ ਹਨ। ਪੰਜਾਬ ਸਰਕਾਰ ਛੱਤੀਸਗੜ, ਮਨੀਪੁਰ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਪੱਛਮੀ ਬੰਗਾਲ ਅਤੇ ਆਂਧਰਾ ਪ੍ਰਦੇਸ਼ ਨੂੰ ਵੀ ਰੇਲਾਂ ਭੇਜ ਰਹੀ ਹੈ।

ਉਨਾਂ ਦੱਸਿਆ ਕਿ ਇਨਾਂ ਸਾਰੇ ਰਾਜਾਂ ਲਈ ਸਰਕਾਰ ਪੱਧਰ ਉਤੇ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ ਜੋ ਪ੍ਰਵਾਸੀਆਂ ਦੇ ਗ੍ਰਿਹ ਰਾਜਾਂ ਨੂੰ ਸੁਰੱਖਿਅਤ ਵਾਪਸੀ ਦੀ ਸਹੂਲਤ ਲਈ ਦੂਜੇ ਰਾਜਾਂ ਵਿੱਚ ਆਪਣੇ ਹਮਰੁਤਬਾ ਨਾਲ ਸਰਗਰਮੀ ਨਾਲ ਸੰਪਰਕ ਵਿੱਚ ਹਨ ਅਤੇ ਪ੍ਰਵਾਸੀਆਂ ਦੀ ਲਾਜ਼ਮੀ ਡਾਕਟਰੀ ਜਾਂਚ ਲਈ ਟੀਮਾਂ ਦਾ ਗਠਨ ਕੀਤਾ

ਹੋਇਆ ਹੈ। ਇਸ ਮੌਕੇ ਤਹਿਸੀਲਦਾਰ ਸ: ਵੀਰਕਿਰਨ ਸਿੰਘ , ਸ: ਅਰਵਿੰਦਰਪਾਲ ਸਿੰਘ ਅਤੇ ਸ: ਹਰਦੀਪ ਸਿੰਘ ਹਾਜ਼ਰ ਸਨ।

ਕੈਪਸ਼ਨ

ਗਵਾਲੀਅਰ ਲਈ ਜਾਣ ਵਾਲੀ ਵਿਸ਼ੇਸ਼ ਰੇਲ ਗੱਡੀ ਵਿਚ ਸਵਾਰ ਹੁੰਦੇ ਯਾਤਰੀ।

===============